# ਕੋਵਿਡ-19 ਜਾਂ ਫ਼ਲੂ ਲਈ ਸਾਵਧਾਨੀਆਂ

*ਗੁਰਦੇ ਦੇ ਮਰੀਜ਼ਾਂ ਵਾਸਤੇ ਜ਼ਰੂਰੀ ਜਾਣਕਾਰੀ ਜੋ ਪੈਰੀਟੋਨੀਅਲ ਡਾਇਲਿਸਿਸ (ਪੀ ਡੀ) ਜਾਂ ਹੋਮ ਹੀਮੋਡਾਇਲਿਸਿਸ (ਐੱਚ.ਐੱਚ.ਡੀ.) ਕਲੀਨਿਕਸ ਵਿਚ ਹਿੱਸਾ ਲੈ ਰਹੇ ਹਨ*

**ਅਗਸਤ 17,2021**

ਕੋਵਿਡ-19 ਅਤੇ ਫ਼ਲੂ ਤੇ ਕਰੋਨਾਵਾਇਰਸ ਸੀਜ਼ਨ ਸਮੇਂ ਹਰ ਕਿਸੇ ਨੂੰ ਸੁਰਖਿਅਤ ਰੱਖਣ ਤੇ ਵਧੀਆ ਸਾਂਭ ਸੰਭਾਲ ਦੇਣ ਵਿਚ ਮਦਦ ਕਰਨ ਲਈ ਅਸੀਂ ਗੁਰਦੇ ਦੀ ਬੀਮਾਰੀ ਤੋਂ ਪੀੜਤ ਸਾਰੇ ਮਰੀਜ਼ਾਂ ਨੂੰ ਇਹ ਪੱਤਰ ਦੇ ਰਹੇ ਹਾਂ ਜੋ ਇਹਨਾਂ ਥਾਵਾਂ ਤੇ ਜਾਂਦੇ ਹਨ:

- ਪੈਰੀਟੋਨੀਅਲ ਡਾਇਲਿਸਿਸ (ਪੀ ਡੀ) ਕਲੀਨਿਕ
- ਘਰੇਲੂ ਹੀਮੋਡਾਇਲਿਸਸ (ਐੱਚ.ਐੱਚ.ਡੀ.) ਕਲੀਨਿਕ

ਅਸੀਂ ਤੁਹਾਨੂੰ ਭਰੋਸਾ ਦਿਵਾਉਂਦੇ ਹਾਂ ਕਿ ਤੁਹਾਡਾ ਸਾਂਭ ਸੰਭਾਲ ਦਾ ਕੰਮ ਜਾਰੀ ਰਹੇਗਾ।ਅਸੀਂ ਮਦਦ ਤੇ ਸਹਾਇਤਾ ਕਰਨ ਲਈ ਹਾਜ਼ਰ ਹਾਂ। ਕਿਰਪਾ ਕਰਕੇ ਇਸ ਨੂੰ ਧਿਆਨ ਨਾਲ ਪੜੋ। ਅਤੇ ਇਹ ਵੀ ਯਕੀਨੀ ਬਣਾਓ ਕਿ ਤੁਹਾਡੀ ਮੌਜੂਦਾ ਸੰਪਰਕ ਜਾਣਕਾਰੀ ਕਲਿਨਿਕ ਕੋਲ ਹੈ।

ਆਉਣ ਵਾਲੇ ਹਫਤਿਆਂ ਵਿਚ, ਤੁਹਾਡੀ ਕਲੀਨਿਕ ਵਲ ਫੇਰੀ ਨਿੱਜੀ ਤੋਂ ਬਦਲ ਕੇ ਮਸਨੂਈ ਹੋ ਸਕਦੀ ਹੈ- ਮਿਸਾਲ ਵਜੋਂ ਇਹ ਫੋਨ ਤੇ ਗਲਬਾਤ ਰਾਹੀਂ ਹੋ ਸਕਦੀ ਹੈ। ਇਸ ਨਾਲ ਇਹ ਯਕੀਨੀ ਹੋਵੇਗਾ ਕਿ ਤੁਸੀਂ ਭੀੜ ਵਾਲੇ ਇੰਤਜ਼ਾਰ ਕਮਰੇ ਤੇ ਹੋਰ ਲੋਕ ਜੋ ਬੀਮਾਰ ਹੋ ਸਕਦੇ ਹਨ, ਦੇ ਸੰਪਰਕ ਵਿਚ ਨਾ ਆਵੋ।

ਤੁਹਾਡਾ ਗੁਰਦੇ ਦਾ ਡਾਕਟਰ ਫੈਸਲਾ ਕਰੇਗਾ ਕਿ ਕੀ ਤੁਹਾਨੂੰ ਨਿਜੀ ਤੌਰ ਤੇ ਦੇਖਣ ਦੀ ਲੋੜ ਹੈ।

## ਕਲਿਨਿਕ ਤੇ ਆਉਣ ਤੋਂ ਪਹਿਲਾਂ ਕੀ ਕਰਨਾ ਹੈ

**ਜੇ ਤੁਹਾਡੀ ਨਿੱਜੀ ਫੇਰੀ ਦਾ ਸਮਾਂ ਮਿਥਿਆ ਹੈ ਤਾਂ** ਜੇ ਤੁਹਾਨੂੰ ਇਹਨਾਂ ਵਿਚੋਂ ਕੋਈ ਲੱਛਣ ਹੈ ਤਾਂ ਕਲੀਨਿਕ ਨੂੰ ਫੋਨ ਕਰੋ।(ਯੂਨਿਟ ਫੋਨ #:____________________)

- ਬੁਖਾਰ
- ਖਾਂਸੀ ( ਨਵੀਂ ਸ਼ੁਰੂ ਹੋਈ ਜਾਂ ਪੁਰਾਣੀ ਵਧ ਗਈ ਹੋਵੇ)
- ਸਾਹ ਲੈਣ ਵਿਚ ਮੁਸ਼ਕਿਲ / ਸਾਹ ਚੜ ਜਾਣਾ

ਜੇ ਇਹ ਲੱਛਣ ਹਨ ਤਾਂ ਹੋ ਸਕਦਾ ਹੈ:

- ਨਰਸ ਫੋਨ ਤੇ ਤੁਹਾਡੇ ਤੋਂ ਹੋਰ ਸਵਾਲ ਪੁੱਛੇ ਤੇ ਹਦਾਇਤਾਂ ਦੇਵੇ ਕਿ ਹੁਣ ਅਗੇ ਕੀ ਕਰਨਾ ਹੈ।
- ਤੁਹਾਨੀ ਫੇਰੀ ਅੱਗੇ ਪਾਉਣ ਬਾਰੇ ਕਿਹਾ ਜਾਵੇ ਜਾਂ ਮਸਨੂਈ ਫੇਰੀ ਦਾ ਬਦਲ ਦਿਤਾ ਜਾਵੇ।

### ਕਲੀਨਿਕ ਤੇ ਪਹੁੰਚ ਕੇ ਕੀ ਕਰਨਾ ਹੈ

ਕਲੀਨਿਕ ਵਚ ਦਾਖਲ ਹੋਣ ਤੋਂ ਪਹਿਲਾਂ ਹਮੇਸ਼ਾ ਅਪਣੇ ਹੱਥ ਧੋਵੋ।ਮਰੀਜ਼ਾਂ ਦੇ ਇੰਤਜ਼ਾਰ ਕਰਨ ਵਾਲੀ ਜਗਾਹ ਓਪਰ ਹੈਂਡ ਸੈਨੀਟਾਈਜ਼ਰ ਹੁੰਦਾ ਹੈ।ਜੇ ਤੁਹਾਡੇ ਵਿਚ ਕੋਵਿਡ-19 ਜਾਂ ਫ਼ਲੂ ਦੇ ਲੱਛਣ ਹਨ ਤਾਂ ਕਲੀਨਿਕ ਦਾ ਸਟਾਫ ਤੁਹਾਨੂੰ ਅਗਲੇ ਕਦਮ ਬਾਰੇ ਦੱਸੇਗਾ।

BCRenal
Provincial Health Services Authority

## ਸਫਰ ਬਾਰੇ ਨਿਰਦੇਸ਼

ਸਫ਼ਰ ਦੌਰਾਨ ਨਿਰਦੇਸ਼ਾਂ ਲਈ ਬੀ.ਸੀ. ਰੀਸਟਾਰਟ ਪਲੈਨ ਦੇਖੋ।

https://www2.gov.bc.ca/ → COVID-19 → Travel ਤੇ ਜਾਓ

https://www2.gov.bc.ca/gov/content/covid-19/travel/current ਜਾਂ ਤੇ ਸਿੱਧੇ ਜਾਓ

ਡਾਇਲਿਸਿਸ ਦੌਰਾਨ ਸਫ਼ਰ ਕਰਨ ਲਈ ਤੁਹਾਡੀ ਜਾਣਕਾਰੀ ਦਾ ਸਭ ਤੋਂ ਵਧੀਆ ਸਰੋਤ ਪੀ.ਡੀ./ਐੱਚ.ਐੱਚ.ਡੀ ਨਰਸ ਹੈ। ਮਰੀਜ਼ ਜਿਹੜੇ ਬੀ ਸੀ ਤੋਂ ਬਾਹਰ ਸਫਰ ਕਰ ਕੇ ਆਏ ਹਨ ਤੇ ਉਹਨਾਂ ਦੀ ਸਾਡੇ ਕਿਸੇ ਇਕ ਕਲੀਨਿਕ ਵਿਚ ਫੇਰੀ ਨਿਯਤ ਹੈ ਤਾਂ ਸਲਾਹ ਦਿਤੀ ਜਾਂਦੀ ਹੈ ਕਿ ਆਉਣ ਤੋਂ ਪਹਿਲਾਂ ਕਲੀਨਿਕ ਨੂੰ ਫੋਨ ਕਰੋ।

## ਕੋਵਿਡ-19 ਬੀਮਾਰੀ ਬਾਰੇ ਹੋਰ ਜਾਣਕਾਰੀ ਲਈ

- ਹੈਲਥਲਿੰਕ ਬੀ ਸੀ ਦੀ ਨਰਸ ਨਾਲ ਗਲ ਕਰਨ ਲਈ 8-1-1 ਤੇ ਫੋਨ ਕਰੋ
- ਬੀ ਸੀ ਸੈਂਟਰ ਫਾਰ ਡੀਜ਼ੀਜ਼ ਕੰਟਰੋਲ ਦੀ ਵੈਬਸਾਈਟ:

www.bccdc.ca → Health Info → COVID-19 ਤੇ ਜਾਓ

http://www.bccdc.ca/health-info/diseases-conditions/covid-19 ਜਾਂ ਤੇ ਸਿੱਧੇ ਜਾਓ

ਖ਼ਾਸ ਤੌਰ ਤੇ “Priority Populations” ਵਾਲਾ ਸਿਰਲੇਖ ਦੇਖੋ ਅਤੇ ਉਸ ਤੋਂ ਬਾਅਦ ਇਹ ਲਿੰਕ “People with Chronic Conditions.”

## ਐਸੀ ਹਾਲਤ ਵਿਚ ਸਾਵਧਾਨੀਆਂ ਜਦੋਂ ਗੁਰਦੇ ਦੀ ਸੰਭਾਲ ਦੇ ਸਾਧਨ ਉਪਲਬਧ ਨਹੀਂ

ਇਹ ਹਮੇਸ਼ਾ ਵਧੀਆ ਗਲ ਹੈ ਕਿ ਜਦੋਂ ਆਰਜ਼ੀ ਤੌਰ ਤੇ, ਜਿਵੇਂ ਜੰਗਲੀ ਅੱਗ, ਭੁਚਾਲ ਜਾਂ ਹੋਰ ਕੁਦਰਤੀ ਆਫਤ ਸਮੇਂ ਇਲਾਜ ਨਹੀਂ ਹੋ ਸਕਦਾ ਤਾਂ ਕੀ ਕਰਨਾ ਹੈ, ਇਸ ਬਾਰੇ ਜਾਣਕਾਰੀ ਹੋਵੇ ।

ਬੀ ਸੀ ਰੀਨਲ ਦੀ ਵੈਬਸਾਈਟ ਤੇ ਗੁਰਦੇ ਦੇ ਮਰੀਜ਼ਾਂ ਵਾਸਤੇ ਫਾਇਦੇਮੰਦ ਜਾਣਕਾਰੀ ਹੈ ।ਇਸ ਵਿਚ ਐਮਰਜੈਂਸੀ ਖੁਰਾਕ ਅਤੇ ਦਵਾਈਆਂ ਬਾਰੇ ਜਾਣਕਾਰੀ ਹੈ:

www.bcrenal.ca → Health Info → Emergency Preparedness ਤੇ ਜਾਓ

**http://www.bcrenal.ca/health-info/managing-my-care/emergency-preparedness** ਜਾਂ ਤੇ ਸਿੱਧੇ ਜਾਓ